# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ

# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ, ਈ ਬਲਾਕ,ਪੰਜਵੀਂ ਮੰਜ਼ਿਲ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਫੋਨ ਨੰ:172-5212319
ਈ-ਮੇਲ: ictadmin@punjabeducation.gov.in

372
6/3/2018

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ।

ਪੱਤਰ ਨੰ: 5/6-ICT-2018/Leaves/ 8135
ਮਿਤੀ: 06.03.2018

ਵਿਸ਼ਾ:- ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ ਅਧੀਨ ਕੰਮ ਕਰ ਰਹੇ ਸਟਾਫ ਦੀਆਂ ਛੁੱਟੀਆਂ ਸਬੰਧੀ ।

ਹਵਾਲਾ:- ਇਸ ਦਫਤਰ ਵੱਲੋਂ ਪੱਤਰ ਨੰ. 5/6-ICT-2017-18/Leaves/9926, ਮਿਤੀ 15/9/2017,
ਹੁਕਮ ਨੰ.5/6-ICT-2017/Leav/LWP/11621, ਮਿਤੀ 24.10.2017
ਹੁਕਮ ਨੰ. 5/6-ICT-2017/Leave/LWP/12073 ਅਨੁਸਾਰ ਪੱਤਰ ਜਾਰੀ ਪੱਤਰਾਂ ਦੀ ਲਗਾਤਾਰਤਾ ਵਿੱਚ :-

| ਲੜੀ ਨੰ | ਛੁੱਟੀ ਦੀ ਕਿਸਮ | ਛੁੱਟੀਆਂ ਦਾ ਸਮਾਂ | ਛੁੱਟੀਆਂ ਨੂੰ ਮੰਜੂਰ ਕਰਨ ਲਈ ਸਮਰੱਥ ਅਧਿਕਾਰੀ |
|---|---|---|---|
| 1. | ਅਚਨਚੇਤ ਛੁੱਟੀ | **Female employees:** 20 days per year<br>**Male employees:**<br>(a)10 days per year upto service of 10 yrs<br>(b) 15 days per year upto service of 10-20 yrs<br>(c)20 days per year after completion of service of 20 yrs | ਅਧਿਆਪਕ/ਕਰਮਚਾਰੀ ਨਾ-ਟਲਣਯੋਗ ਹਲਾਤਾਂ ਵਿੱਚ ਇੱਕ ਮਹੀਨੇ ਵਿੱਚ 3 ਤੋਂ ਵੱਧ ਅਚਨਚੇਤ ਛੁੱਟੀਆਂ ਲੈ ਸਕਦਾ ਹੈ।<br>ਇਹ ਅਚਨਚੇਤ ਛੁੱਟੀਆਂ ਸਬੰਧਤ ਸਕੂਲ ਮੁੱਖੀ ਵੱਲੋਂ ਹੀ ਪ੍ਰਵਾਨ ਕੀਤੀਆਂ ਜਾਣਗੀਆਂ। |
| 2. | ਕਮਾਈ ਛੁੱਟੀ | **For Teaching Staff:** 8 Days/Year, the leave will lapse at the end of every year and not entitled for encashment.<br>**For Non-Teaching Staff:**<br>Leave is earned at the rate of 1/24th of the period spent on duty, during the first 10 years of his service, 1/18th of the period spent on duty during the next 10 years of his service; and 1/12th of the period spent on duty, thereafter. The leave will lapse at the end of every year and not entitiled for encashment. | ਅਧਿਆਪਕ/ਕਰਮਚਾਰੀ ਦੀ ਸਰਵਿਸ ਬੁੱਕ ਨੂੰ ਜਿੱਥੇ ਮੈਨਟੇਨ ਕੀਤਾ ਜਾਂਦਾ ਹੈ, ਕਮਾਈ ਛੁੱਟੀ ਉਹਨਾਂ ਵੱਲੋਂ ਪ੍ਰਵਾਨ ਕੀਤੀ ਜਾਵੇਗੀ।<br>ਅਧਿਆਪਕ/ਕਰਮਚਾਰੀ ਆਪਣੀ ਬਣਦੀ ਅੱਧੀ ਕਮਾਈ ਛੁੱਟੀ ਪਹਿਲੇ ਛੇ ਮਹੀਨੇ (ਜਨਵਰੀ ਤੋਂ ਜੂਨ) ਤੱਕ ਅਤੇ ਬਾਕੀ ਬਣਦੀ ਕਮਾਈ ਛੁੱਟੀਆਂ ਅਗਲੇ ਛੇ ਮਹੀਨੇ (ਜੁਲਾਈ ਤੋਂ ਦਸੰਬਰ) ਤੱਕ ਲੈ ਸਕਦਾ ਹੈ। ਜੇਕਰ ਅਧਿਆਪਕ/ਕਰਮਚਾਰੀ ਵੱਲੋਂ ਆਪਣੀ ਬਣਦੀ ਕਮਾਈ ਛੁੱਟੀਆਂ ਵਿੱਚੋਂ ਸਾਰੀਆਂ ਜਾਂ ਕੁੱਝ ਛੁੱਟੀਆਂ ਪਹਿਲੇ ਛੇ ਮਹੀਨੇ ਵਿੱਚ ਨਹੀਂ ਲਈਆਂ ਜਾਂਦੀਆਂ ਹਨ ਤਾਂ ਇਹ ਛੁੱਟੀਆਂ ਅਗਲੇ ਬਾਕੀ ਰਹਿੰਦੇ ਛੇ ਮਹੀਨੇ (ਜੁਲਾਈ ਤੋਂ ਦਸੰਬਰ) ਵਿੱਚ ਲਈਆਂ ਜਾ ਸਕਦੀਆਂ ਹਨ।<br>ਜੇਕਰ ਕੋਈ ਕਰਮਚਾਰੀ ਆਪਣੀ ਬਣਦੀਆਂ ਕਮਾਈ ਛੁੱਟੀਆਂ ਵਿੱਚੋਂ ਪਹਿਲੀ ਛਿਮਾਹੀ ਜਾਂ ਦੂਜੀ ਛਿਮਾਹੀ ਦੇ ਸ਼ੁਰੂ ਵਿੱਚ ਹੀ ਪੂਰੀ ਕਮਾਈ ਛੁੱਟੀ ਲੈਣ ਉਪਰੰਤ ਨਿਯੁਕਤੀ ਪੱਤਰ ਦੀਆਂ ਸ਼ਰਤਾਂ ਅਨੁਸਾਰ ਅਸਤੀਫਾ ਦੇ ਦਿੰਦਾ ਹੈ ਤਾਂ ਉਸ ਵੱਲੋਂ ਛਿਮਾਹੀ ਦੌਰਾਨ ਲਈਆਂ ਗਈਆਂ ਕਮਾਈ ਛੁੱਟੀਆਂ ਦੀ ਤਨਖਾਹ ਉਨੇ ਦਿਨਾਂ ਦੀ ਹੀ ਮਿਲੇਗੀ ਜਿੰਨੀਆਂ ਛੁੱਟੀਆਂ ਕੰਮ ਕੀਤੇ ਦਿਨਾਂ ਦੇ ਹਿਸਾਬ ਨਾਲ ਦੀਆਂ ਬਣਦੀਆਂ ਹੋਣਗੀਆਂ, ਵਾਧੂ ਲਈਆਂ ਕਮਾਈ ਛੁੱਟੀਆਂ ਦੀ ਤਨਖਾਹ ਕੱਟ ਲਈ ਜਾਵੇਗੀ। |

ਨੋਟ: ਇਹ ਆਮ ਦੇਖਣ ਵਿੱਚ ਆਇਆ ਹੈ ਕਿ ਕੰਪਿਊਟਰ ਫੈਕਲਟੀਆਂ ਦੀਆਂ ਵਿਦੇਸ਼ ਜਾਣ ਲਈ ਛੁੱਟੀਆਂ ਸਬੰਧੀ ਪੱਤਰ ਸਬੰਧਤ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਵੱਲੋਂ ਛੁੱਟੀ ਸ਼ੁਰੂ ਹੋਣ ਦੇ ਪੂਰੇ ਸਮੇਂ ਤੇ ਹੀ ਮੁੱਖ ਦਫਤਰ ਵਿਖੇ ਪ੍ਰਾਪਤ ਹੁੰਦੇ ਹਨ, ਜਿਸ ਕਰਕੇ ਮੁੱਖ ਦਫਤਰ ਵਿਖੇ ਇਨ੍ਹਾਂ ਛੁੱਟੀਆਂ ਸਬੰਧੀ ਕਾਰਵਾਈ ਕਰਨ ਵਿੱਚ ਮੁਸ਼ਕਲ ਪੇਸ਼

ਆਉਂਦੀ ਹੈ। ਇਸ ਲਈ ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕਰਮਚਾਰੀ ਦੀ ਵਿਦੇਸ਼ ਜਾਣ ਲਈ ਛੁੱਟੀ ਸਬੰਧੀ ਬੇਨਤੀ ਪੱਤਰ ਮੁਕੰਮਲ ਦਸਤਾਵੇਜ਼ਾ ਸਹਿਤ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਵੱਲੋਂ ਛੁੱਟੀ ਸ਼ੁਰੂ ਹੋਣ ਦੇ 15 ਦਿਨ ਪਹਿਲਾਂ ਇਸ ਦਫਤਰ ਵਿਖੇ ਪਹੁੰਚਾਉਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਆਈ.ਸੀ.ਟੀ,ਐਜੂਕੇਸ਼ਨ ਸੁਸਾਇਟੀ
ਪੰਜਾਬ

ਪਿੱਠ ਅੰਕਣ:- ਉਕਤ-

ਮਿਤੀ: 06.03.2018

ਉਪਰੋਕਤ ਦਾ ਉਤਾਰਾ ਹੇਠ, ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਸਕੂਲ ਮੁੱਖੀ।
2. ਸਮੂਹ ਪ੍ਰੋਜੈਕਟ ਕੁਆਰਡੀਨੇਟਰ
3. ਡੀ.ਐਮ (ਐਮ.ਆਈ.ਐਸ) ਨੂੰ ਨੋਟਿਸ ਬੋਰਡ ਤੇ ਪਾਉਣ ਹਿੱਤ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਆਈ.ਸੀ.ਟੀ,ਐਜੂਕੇਸ਼ਨ ਸੁਸਾਇਟੀ
ਪੰਜਾਬ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ

ਪਿੱਠ ਅੰਕਣ ਨੰ:- ਆਈ/ਸੀ/ਟੀ/2018/ [illegible] ਮਿਤੀ 07-03-18

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਸਰਕਾਰੀ ਸੀਨੀਅਰ/ਹਾਈ ਸਕੂਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

07/03/18

ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ)
ਬਠਿੰਡਾ